ਮਾੱਡਲ ਟੈਸਟ ਪੇਪਰ

ਵਿਸ਼ਾ- ਸੰਗੀਤ

ਸ੍ਰੇਣੀ - ਬਾਰ੍ਹਵੀਂ(ਗੁਰਮਤਿ ਸੰਗੀਤ)

ਸੈਸ਼ਨ – 2025-2026

ਸਮਾਂ - 3 ਘੰਟੇ ਕੁਲ ਅੰਕ-45

ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਕਿੰਨੇ ਰਾਗ ਦਰਜ ਹਨ?
2. ਸੋਦਰ ਦੀ ਚੌਂਕੀ ਕਦੋਂ ਗਾਈ ਜਾਂਦੀ ਹੈ?
3. ਰਹਾਉ ਦਾ ਕੀ ਅਰਥ ਹੁੰਦਾ ਹੈ?
4. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਘਰ ਘਰ ਕਿਸਨੂੰ ਕਿਹਾ ਗਿਆ ਹੈ?
5. ਪੜਤਾਲ ਕਿਸਨੂੰ ਕਹਿੰਦੇ ਹਨ?
6. ਭਾਈ ਚੰਦ ਜੀ ਦਾ ਜਨਮ ਕਿੱਥੇ ਹੋਇਆ?
7. ਤੋੜੀ ਰਾਗ ਦਾ ਥਾਟ ਦੱਸੋ?
8. ਸਾਰੰਗ ਦਾ ਗਾਇਨ ਸਮਾਂ ਕੀ ਹੈ?
9. ਰੂਪਕ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
10. ਝੱਪਤਾਲ ਕਿੰਨੀਆਂ ਮਾਤਰਾਵਾਂ ਦੀ ਤਾਲ ਹੈ?
11. ਭੈਰਵ ਰਾਗ ਵਿੱਚ ਕਿਹੜੇ ਸ੍ਵਰ ਵਰਜਿਤ ਹੁੰਦੇ ਹਨ? (11 X 1 = 11)

ਭਾਗ - ਅ

12 ਤੋਂ 17 ਤੱਕ 6 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

12. ਆਸਾ ਦੀ ਵਾਰ ਬਾਰੇ ਤੁਸੀਂ ਕੀ ਜਾਂਦੇ ਹੋ?
13. ਮਹੱਲਾ ਤੋਂ ਕੀ ਭਾਵ ਹੈ, ਸਪਸ਼ਟ ਕਰੋ?
14. ਘਰ ਤੋਂ ਕੀ ਭਾਵ ਹੈ?
15. ‘ਧਿਨ ਨਾ ਧਿਨ ਧਿਨ ਨਾ’ ਬੋਲ ਪਛਾਣ ਕੇ ਉਸਦਾ ਠੇਕਾ ਲਿਖੋ?
16. ਰਾਗ ਧਨਾਸਰੀ ਦਾ ਆਰੋਹ ਅਵਰੋਹ ਅਤੇ ਪਕੜ ਲਿਖੋ।
17. ਰੂਪਕ ਤਾਲ ਨੂੰ ਇੱਕਗੁਣ ਵਿੱਚ ਲਿਖੋ। (6 X 2 = 12)

ਭਾਗ – ੲ

18 ਤੋਂ 21 ਤੱਕ 4 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

18. ਮਿਸ਼ਰਿਤ ਰਾਗ ਕਿਸਨੂੰ ਆਖਦੇ ਹਨ, ਸੰਖੇਪ ਵਿੱਚ ਲਿਖੋ।
19. ਭਾਈ ਮਰਦਾਨਾ ਜੀ ਬਾਰੇ ਸੰਖੇਪ ਵਿੱਚ ਲਿਖੋ।
20. ਰਾਗ ਸਾਰੰਗ ਦਾ ਪਰਿਚੈ, ਪਕੜ ਸਹਿਤ ਲਿਖੋ।
21. ਰਾਗ ਤੋੜੀ ਦਾ ਵਾਦੀ ਸਾਮਵਾਦੀ ਅਤੇ ਥਾਟ ਲਿਖੋ। (4 X 3 = 12)

ਭਾਗ – ਸ

22 ਤੋਂ 23 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ।

22. ਗੁਰਮਤਿ ਸੰਗੀਤ ਦਾ ਕੀ ਇਤਿਹਾਸ ਹੈ, ਵਰਨਣ ਕਰੋ।

ਜਾਂ

ਪ੍ਰੋਫ਼. ਹੀਰਾ ਸਿੰਘ ਜੀ ਦਾ ਗੁਰਬਾਣੀ ਸੰਗੀਤ ਕੀ ਯੋਗਦਾਨ ਹੈ, ਵਿਸਥਾਰ ਸਹਿਤ ਲਿਖੋ।

23. ਰਾਗ ਧਨਾਸਰੀ ਵਿੱਚ ਕਿਸੇ ਇੱਕ ਸ਼ਬਦ ਦੀ ਸਥਾਈ ਦੀ ਸੁਰਲਿਪੀ ਲਿਖੋ।

ਜਾਂ

ਤਿੰਨਤਾਲ ਦਾ ਪਰਿਚੈ ਲਿਖੋ ਅਤੇ ਤਿੰਨਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ। (2 X 5 = 10)